**Annexure-L**

# ਸੀਨੀਅਰ ਸਹਾਇਕ ਦੀ ਆਸਾਮੀ ਲਈ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਦਾ ਸਕਿੱਲ ਟੈਸਟ ਲੈਣ ਸਬੰਧੀ ਨੋਟਿਸ।

ਮਾਰਕਫੈੱਡ ਵੱਲੋਂ ਮਿਤੀ 16-01-2020 ਨੂੰ ਸੀਨੀਅਰ ਸਹਾਇਕ ਦੀ ਆਸਾਮੀ ਲਈ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਦੇ ਜਾਤੀ ਨਾਲ ਸਬੰਧਤ ਦਸਤਾਵੇਜ ਚੈੱਕ ਕਰਨ ਲਈ ਪਾਏ ਗਏ ਨੋਟਿਸ ਦੀ ਲਗਾਤਾਰਤਾ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਦੀਆਂ ਰਾਖਵਾਂਕਰਨ ਪਾਲਿਸੀ ਸਬੰਧੀ ਹਦਾਇਤਾਂ ਅਨੁਸਾਰ ਅਨੁਸੂਚਿਤ ਜਾਤੀਆਂ ਲਈ ਰਿਜ਼ਰਵ ਅਸਾਮੀਆਂ ਵਿੱਚੋਂ 50% ਅਸਾਮੀਆਂ ਬਾਲਮੀਕੀ/ਮੱਜ਼ਬੀ ਸਿੱਖਾਂ ਨੂੰ ਬਤੌਰ ਪਹਿਲੀ ਤਰਜੀਹ ਦਿੰਦੇ ਹੋਏ ਭਰੀਆਂ ਜਾਣੀਆਂ ਹਨ। ਇਸ ਤਰ੍ਹਾਂ ਸੀਨੀਅਰ ਸਹਾਇਕ ਦੀਆਂ ਅਨੁਸੂਚਿਤ ਜਾਤੀਆਂ ਦੀਆਂ 8 ਅਸਾਮੀਆਂ ਵਿੱਚੋਂ 50% ਅਸਾਮੀਆਂ(4 ਆਸਾਮੀਆਂ) ਬਾਲਮੀਕੀ/ਮੱਜ਼ਬੀ ਸਿੱਖਾਂ ਵਿੱਚੋਂ ਭਰੀਆਂ ਜਾਣੀਆਂ ਹਨ। ਜਿਸ ਵਿੱਚੋਂ 2 ਅਸਾਮੀਆਂ ਭਰ ਲਈਆਂ ਗਈਆਂ ਹਨ ਅਤੇ 2 ਅਸਾਮੀਆਂ ਖਾਲੀ ਰਹਿ ਗਈਆਂ ਹਨ। ਜਿਨ੍ਹਾਂ ਨੂੰ ਭਰਨ ਲਈ ਸਿਰਫ ਬਾਲਮੀਕੀ/ ਮੱਜ਼ਬੀ ਸਿੱਖਾਂ ਨਾਲ ਸਬੰਧਤ ਉਮੀਦਵਾਰਾਂ ਨੂੰ ਰੈਂਕ ਨੰ: 25 ਤੋਂ 100 ਤੱਕ ਮਿਤੀ 30-01-2020 ਨੂੰ ਉਹਨਾਂ ਦੇ ਅਨੁਸੂਚਿਤ ਜਾਤੀ ਨਾਲ ਸਬੰਧਤ ਸਰਟੀਫਿਕੇਟ ਚੈੱਕ ਕਰਨ ਲਈ ਬੁਲਾਇਆ ਗਿਆ ਸੀ, ਪ੍ਰੰਤੂ ਇਹਨਾਂ ਵਿੱਚੋਂ ਕੋਈ ਉਮੀਦਵਾਰ ਨਿਸ਼ਚਿਤ ਮਿਤੀ ਨੂੰ ਹਾਜ਼ਰ ਨਹੀਂ ਹੋਇਆ। ਇਸ ਤਰ੍ਹਾਂ ਇਨ੍ਹਾਂ ਅਸਾਮੀਆਂ ਨੂੰ ਬਾਲਮੀਕੀ/ ਮੱਜ਼ਬੀ ਸਿੱਖਾਂ ਵਿੱਚੋਂ ਭਰਨ ਲਈ ਮੈਰਿਟ ਅਨੁਸਾਰ ਇਹਨਾਂ ਉਮੀਦਵਾਰਾਂ ਸਮੇਤ ਅਗਲੇ ਉਮੀਦਵਾਰਾਂ ਨੂੰ ਹੇਠ ਲਿਖੇ ਸਡਿਊਲ ਮੁਤਾਬਿਕ ਉਨ੍ਹਾਂ ਦਾ ਜਾਤੀ ਨਾਲ ਸਬੰਧਤ ਸਰਟੀਫਿਕੇਟ ਚੈੱਕ ਕਰਨ ਲਈ ਬੁਲਾਇਆ ਜਾਂਦਾ ਹੈ:-

ਮਿਤੀ 17-02-2020, ਸਮਾਂ ਸਵੇਰੇ 10.00 ਤੋਂ 02.00 ਵਜੇ ਤੱਕ।

**SENIOR ASSISTANT**

| Category | No. of Post | No. of candidates to be called |
|---|---|---|
| SC | 02 | Rank 25 to 200 (ਐਸ.ਸੀ. ਕਾਡਰ ਦੀ ਮੈਰਿਟ ਸੂਚੀ ਮੁਤਾਬਿਕ) |

ਉਪਰੋਕਤ ਸਾਰੇ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੀ ਜਾਤੀ ਨਾਲ ਸਬੰਧਤ ਸਰਟੀਫਿਕੇਟ ਦੀ ਅਸਲ ਕਾਪੀ ਲੈ ਕੇ ਨਿੱਜੀ ਤੌਰ ਤੇ ਨਿਸ਼ਚਿਤ ਮਿਤੀ ਅਤੇ ਸਮੇਂ ਤੇ ਪਲਾਟ ਨੰ:-4, ਮਾਰਕਫੈੱਡ ਬਿਲਡਿੰਗ, ਸੈਕਟਰ 35-ਬੀ, ਚੰਡੀਗੜ੍ਹ ਵਿਖੇ ਆਉਣਗੇ। ਇਨ੍ਹਾਂ ਦਾ ਸਕਿੱਲ ਟੈਸਟ ਲੈਣ ਲਈ ਸਡਿਊਲ ਵੱਖਰੇ ਤੌਰ ਤੇ ਮਾਰਕਫੈੱਡ ਦੀ ਵੈਬ-ਸਾਈਟ ਉੱਤੇ ਅਪਲੋਡ ਕੀਤਾ ਜਾਵੇਗਾ।

ਮਿਤੀ: 03-02-2020